# ਧੂੰਆਂ ਮੁਕਤ ਓਨਟੇਰੀਓ ਕਾਨੂੰਨ 2005

## ਕਾਨੂੰਨ ਕਿਵੇਂ ਪ੍ਰਭਾਵਿਤ ਕਰਦਾ ਹੈ : ਤੰਬਾਕੂ ਡੀਲਰਾਂ ਨੂੰ

## ਮੂਲ ਆਧਾਰ

- ਧੂੰਆਂ ਮੁਕਤ ਓਨਟੈਰੀਓ ਕਾਨੂੰਨ 31 ਮਈ, 2006 ਨੂੰ ਲਾਗੂ ਹੋ ਰਿਹਾ ਹੈ।
- ਇਹ ਕਾਨੂੰਨ ਓਨਟੇਰੀਓ ਵਿੱਚ ਬੰਦ ਕੰਮ ਦੀਆਂ ਥਾਵਾਂ ਅਤੇ ਬੰਦ ਜਨਤਕ ਥਾਵਾਂ 'ਤੇ ਸਿਗਰੇਟ ਪੀਣ ਤੋਂ ਮਨਾਹੀ ਕਰਦਾ ਹੈ ਤਾਕਿ ਕਰਮਚਾਰੀਆਂ ਅਤੇ ਜਨਤਾ ਨੂੰ ਦੂਜੇ ਹੱਥ ਦੇ ਧੂਏਂ ਦੇ ਨੁਕਸਾਨਾਂ ਤੋਂ ਬਚਾਇਆ ਜਾ ਸਕੇ।
- ਕਾਨੂੰਨ ਅਧੀਨ ਤੰਬਾਕੂ ਉਤਪਾਦਨਾਂ 'ਤੇ ਪ੍ਰਦਰਸ਼ਨ ਪਾਬੰਦੀ ਹੈ ਜੋ 31 ਮਈ, 2008 ਨੂੰ ਪੂਰੀ ਤਰ੍ਹਾਂ ਲਾਗੂ ਹੋਵੇਗੀ। ਇਸ ਦਾ ਉਦੇਸ਼ ਹੈ ਯੁਵਾ ਲੋਕਾਂ ਨੂੰ ਸਿਗਰੇਟ ਪੀਣਾ ਸ਼ੁਰੂ ਕਰਨ ਤੋਂ ਰੋਕਣਾ ਅਤੇ ਉਨ੍ਹਾਂ ਲੋਕਾਂ ਦੀ ਧੁਮਰਪਾਨ ਮੁਕਤ ਰਹਿਣ ਵਿੱਚ ਮਦਦ ਕਰਨਾ ਜੋ ਸਿਗਰੇਟ ਛੱਡ ਚੁੱਕੇ ਹਨ।

## ਤੰਬਾਕੂ ਦੇ ਡੀਲਰ

ਕਿਉਂਕੀ ਸਿਹਤ ਉਨੱਤੀ ਮੰਤਰਾਲਾ ਇਸ ਗੱਲ ਨੂੰ ਪਹਿਚਾਣਦਾ ਹੈ ਕਿ ਕਈ ਵਪਾਰ ਮੁੱਖ ਰੂਪ ਵਿੱਚ ਵਿਸ਼ੇਸ਼ ਤੰਬਾਕੂ ਉਤਪਾਦਨ ਵੇਚਦੇ ਹਨ ਜੋ ਯੁਵਾ ਲੋਕਾਂ ਨੂੰ ਆਕਰਸ਼ਿਤ ਨਹੀਂ ਕਰਦੇ, ਤੰਬਾਕੂ ਦੇ ਡੀਲਰਾਂ ਨੂੰ ਪਰਚੂਨ ਪ੍ਰਦਰਸ਼ਨ ਪਾਬੰਦੀ ਵਿੱਚ ਛੋਟ ਦਿੱਤੀ ਗਈ ਹੈ।

## ਪਰਚੂਨ ਦੁਕਾਨਦਾਰਾਂ ਵਲੋਂ ਪ੍ਰਦਰਸ਼ਨ 'ਤੇ ਪਾਬੰਦੀ

- ਕਾਉਂਟਰ ਟੋਪ 'ਤੇ ਤੰਬਾਕੂ ਉਤਪਾਦਨਾਂ ਦੇ ਪ੍ਰਦਰਸ਼ਨ 'ਤੇ ਪਾਬੰਦੀ ਹੈ।
- ਗਾਹਕਾਂ ਨੂੰ ਸਿਗਰੇਟ ਅਤੇ ਹੋਰ ਤੰਬਾਕੂ ਉਤਪਾਦਨਾਂ ਨੂੰ ਖਰੀਦਣ ਤੋਂ ਪਹਿਲੇ ਹੱਥ ਲਗਾਉਣ ਦੀ ਆਗਿਆ ਨਹੀਂ ਹੈ।
- 31 ਮਈ, 2006 ਅਤੇ 31 ਮਈ, 2008 ਦੇ ਵਿਚਕਾਰ ਸਿਗਰੇਟਾਂ ਕੇਵਲ ਵੱਖਰੇ ਵੱਖਰੇ ਪੈਕੇਟਾਂ ਵਿੱਚ ਹੀ ਪ੍ਰਦਰਸ਼ਿਤ ਕੀਤੀਆਂ ਜਾ ਸਕਦੀਆਂ ਹਨ, ਜੋ ਵੱਖਰੀ ਵੱਖਰੀ ਪਰਤ ਨਾਲ ਢੱਕੀਆਂ ਹੋਣ। ਕਾਰਟੋਨਾਂ ਦੀ ਇਜ਼ਾਜ਼ਤ ਨਹੀਂ ਹੈ।
- 31 ਮਈ, 2008 ਤੋਂ ਬਾਅਦ ਕੋਈ ਵੀ ਤੰਬਾਕੂ ਉਤਪਾਦਨ ਪ੍ਰਦਰਸ਼ਿਤ ਨਹੀਂ ਕੀਤਾ ਜਾ ਸਕਦਾ।

ਨਿਯਮ ਤੰਬਾਕੂ ਡੀਲਰਾਂ ਦੀ ਪਰਿਭਾਸ਼ਾ ਵਿਸ਼ੇਸ਼ ਤੰਬਾਕੂ ਉਤਪਾਦਨਾਂ ਦੀ ਪ੍ਰਤੀਸ਼ਤਤਾ ਦੇ ਆਧਾਰ 'ਤੇ ਦਿੰਦਾ ਹੈ (ਉਦਾਹਰਣ ਲਈ, ਸਿਗਾਰ, ਪਾਈਪਾਂ, ਹੁਮੀਡੋਰ) ਜੋ ਪਰਚੂਨ ਦੁਕਾਨਦਾਰ ਵੇਚਦਾ ਹੈ। ਜੇਕਰ ਵਿਸ਼ੇਸ਼ ਤੰਬਾਕੂ ਉਤਪਾਦਨ ਪਿਛਲੇ ਬਾਰਾਂ ਮਹੀਨਿਆਂ ਵਿੱਚ ਕੁਲ ਵਿਕਰੀ ਦਾ ਘਟੋ ਘੱਟ 50 ਪ੍ਰਤੀਸ਼ਤ ਸੀ ਤਾਂ ਕੋਈ ਪਰਚੂਨ ਵਿਕ੍ਰੇਤਾ ਸਿਹਤ ਉਨੱਤੀ ਮੰਤਰਾਲੇ ਨਾਲ ਤੰਬਾਕੂ ਦੇ ਡੀਲਰ ਦੇ ਰੂਪ ਵਿੱਚ ਪੰਜੀਕਰਣ ਕਰਵਾ ਸਕਦਾ ਹੈ। ਜੇਕਰ ਕੋਈ ਪਰਚੂਨ ਵਿਕ੍ਰੇਤਾ ਇੱਕ ਸਾਲ ਤੋਂ ਘਟ ਸਮੇਂ ਤੋਂ ਕੰਮ ਕਰ ਰਿਹਾ ਹੈ ਤਾਂ ਉਸਦੀ ਖਰੀਦ ਦੇ ਰਿਕਾਰਡ ਦਾ ਘਟੋ ਘੱਟ 50 ਪ੍ਰਤੀਸ਼ਤ ਵਿਸ਼ੇਸ਼ ਤੰਬਾਕੂ ਉਤਪਾਦਨਾਂ ਦਾ ਹੋਣਾ ਚਾਹੀਦਾ ਹੈ। ਵਿਸ਼ੇਸ਼ ਤੰਬਾਕੂ ਉਤਪਾਦਨਾਂ ਵਿੱਚ ਸਿਗਰੇਟਾਂ ਸ਼ਾਮਲ ਨਹੀਂ ਹਨ।

ਪੰਜੀਕ੍ਰਿਤ ਹੋਣ ਕਰਕੇ, ਕਿਸੇ ਤੰਬਾਕੂ ਡੀਲਰ ਨੂੰ ਇਹ ਆਗਿਆ ਹੈ :

- ਕਾਉਂਟਰ ਟੋਪ ਪ੍ਰਦਰਸ਼ਨ ਰਾਹੀਂ *ਵਿਸ਼ੇਸ਼ ਤੰਬਾਕੂ ਉਤਪਾਦਨਾਂ* ਦਾ ਪ੍ਰਦਰਸ਼ਨ ਕਰਨਾ;
- *ਵਿਸ਼ੇਸ਼ ਤੰਬਾਕੂ ਉਤਪਾਦਨਾਂ* ਦਾ ਪ੍ਰਦਰਸ਼ਨ ਕਰਨਾ ਚਾਹੇ ਤੰਬਾਕੂ ਉਤਪਾਦਨਾਂ ਦੇ ਪ੍ਰਦਰਸ਼ਨ 'ਤੇ ਆਮ ਪਾਬੰਦੀ 31 ਮਈ, 2008 ਨੂੰ ਲਾਗੂ ਹੋ ਜਾਵੇ; ਅਤੇ
- ਖ਼ਰੀਦਦਾਰਾਂ ਨੂੰ ਖ਼ਰੀਦ ਤੋਂ ਪਹਿਲਾਂ *ਵਿਸ਼ੇਸ਼ ਤੰਬਾਕੂ ਉਤਪਾਦਨਾਂ* ਨੂੰ ਹੱਥ ਲਗਾਉਣ ਦੀ ਆਗਿਆ ਦੇਣਾ। ਇਸ ਗੱਲ ਵੱਲ ਧਿਆਨ ਦੇਣਾ ਚਾਹੀਦਾ ਹੈ ਕਿ ਕੇਂਦਰੀ *ਤੰਬਾਕੂ ਕਾਨੂੰਨ* (ਭਾਗ 11) ਅਧੀਨ ਇਸ ਤਰ੍ਹਾਂ ਕਰਨ 'ਤੇ ਪਾਬੰਦੀ ਹੈ, ਇਸ ਲਈ ਤੰਬਾਕੂ ਡੀਲਰਾਂ ਨੂੰ ਉਸ ਕਾਨੂੰਨ ਦੀ ਪਾਲਣਾ ਕਰਨੀ ਚਾਹੀਦੀ ਹੈ।)
- ਵਿਸ਼ੇਸ਼ ਤੰਬਾਕੂ ਉਤਪਾਦਨਾਂ ਵਿੱਚ ਸਿਗਰੇਟਾਂ ਸ਼ਾਮਲ ਨਹੀਂ ਹਨ।

SFOA ਦੀਆਂ ਬਾਕੀ ਸਾਰੀਆਂ ਧਾਰਾਵਾਂ ਤੰਬਾਕੂ ਡੀਲਰਾਂ ’ਤੇ ਲਾਗੂ ਹੋਣਗੀਆਂ, ਜਿਸ ਵਿੱਚ ਸ਼ਾਮਲ ਹੈ ਤੰਬਾਕੂ ਉਤਪਾਦਨਾਂ ਦੇ ਪ੍ਰੋਤਸਾਹਨ ’ਤੇ ਰੋਕਾਂ ਅਤੇ ਲਗਵਾਉਣ ਲਈ ਜ਼ਰੂਰੀ ਨਿਸ਼ਾਨ (ਕਿਰਪਾ ਕਰਕੇ ਹੇਠਾਂ ਦੇਖੋ)।

## ਮੈਂ ਤੰਬਾਕੂ ਡੀਲਰ ਦੇ ਰੂਪ ਵਿੱਚ ਕਿਸ ਤਰ੍ਹਾਂ ਪੰਜੀਕ੍ਰਿਤ ਹੋਵਾਂ?

ਤੰਬਾਕੂ ਡੀਲਰ ਦੇ ਰੂਪ ਵਿੱਚ ਪੰਜੀਕ੍ਰਿਤ ਹੋਣ ਲਈ ਪ੍ਰਾਰਥਨਾ ਪੱਤਰ ਸਿਹਤ ਉਨੱਤੀ ਮੰਤਰਾਲੇ ਦੀ ਵੈਬਸਾਈਟ ’ਤੇ ਇਸ ਪਤੇ ’ਤੇ ਉਪਲਬਧ ਹਨ http://www.mhp.gov.on.ca/english/health/smoke_free/legislation.asp.

## ਉਨ੍ਹਾਂ ਮਾਲਕਾਂ ਦੀਆਂ ਜ਼ਿੰਮੇਵਾਰੀਆਂ ਜੋ ਪੰਜੀਕ੍ਰਿਤ ਤੰਬਾਕੂ ਡੀਲਰ ਹਨ

ਤੰਬਾਕੂ ਡੀਲਰਾਂ ਦੇ ਪਰਚੂਨ ਸਟੋਰਾਂ ਦੇ ਸਾਰੇ ਮਾਲਕਾਂ ਨੂੰ ਕਾਨੂੰਨ ਅਤੇ ਨਿਯਮ ਦੀ ਪੂਰੀ ਤਰ੍ਹਾਂ ਪਾਲਣਾ ਕਰਨੀ ਚਾਹੀਦੀ ਹੈ। ਇਸ ਵਿੱਚ ਸ਼ਾਮਲ ਹੈ :

- ਗਾਹਕਾਂ ਨੂੰ ਇਮਾਰਤ ਦੀ ਕੇਵਲ ਬਾਹਰ ਅਤੇ ਅੰਦਰ ਦੀ ਸਾਂਝੀ ਜਗ੍ਹਾ ਤੋਂ ਹੀ ਅੰਦਰ ਆਉਣ ਦੀ ਆਗਿਆ ਦੇਣਾ। ਇਸ ਦਾ ਮਤਲਬ ਹੈ ਕਿ ਗਾਹਕ ਤੰਬਾਕੂ ਡੀਲਰ ਦੇ ਪਰਚੂਨ ਸਟੋਰ ’ਤੇ ਕਿਸੇ ਹੋਰ ਸਟੋਰ ਤੋਂ ਦਾਖ਼ਲ ਨਹੀਂ ਹੋ ਸਕਦੇ।
- ਤੰਬਾਕੂ ਡੀਲਰ ਦੇ ਪਰਚੂਨ ਸਟੋਰ ਲਾਂਘੇ ਲਈ ਰਸਤਾ ਨਹੀਂ ਹੋਣੇ ਚਾਹੀਦੇ। ਉਦਾਹਰਣ ਲਈ, ਇਸ ਦਾ ਮਤਲਬ ਹੈ ਕਿ ਕੋਈ ਵਿਅਕਤੀ ਬਾਹਰ ਤੋਂ ਸਟੋਰ ਵਿੱਚ ਦਾਖ਼ਲ ਹੋ ਕੇ ਅੰਦਰ ਹੀ ਸਾਂਝੀ ਜਗ੍ਹਾ ਜਿਵੇਂ ਕੀ ਮਾਲ ਵਿੱਚ ਲੰਘ ਕੇ ਪਹੁੰਚਣ ਲਈ ਨਾ ਜਾ ਸਕੇ।
- ਕਿਸੇ 19 ਸਾਲ ਤੋਂ ਘੱਟ ਉਮਰ ਦੇ ਵਿਅਕਤੀ, ਜੇਕਰ ਉਹ ਘਟੋ ਘੱਟ 19 ਸਾਲ ਦੀ ਉਮਰ ਦੇ ਵਿਅਕਤੀ ਨਾਲ ਨਾ ਆਇਆ ਹੋਵੇ, ਨੂੰ ਤੰਬਾਕੂ ਡੀਲਰ ਦੇ ਪਰਚੂਨ ਸਟੋਰ ਅੰਦਰ ਆਉਣ ਦੀ ਆਗਿਆ ਨਾ ਦੇਨਾ। ਜੇਕਰ ਕੋਈ ਵਿਅਕਤੀ 25 ਸਾਲ ਤੋਂ ਘੱਟ ਉਮਰ ਦਾ ਲਗਦਾ ਹੋਵੇ ਤਾਂ ਤੰਬਾਕੂ ਡੀਲਰ ਨੂੰ ਚਾਹੀਦਾ ਹੈ ਕਿ ਉਹ ਉਸ ਦੀ ਪਹਿਚਾਣ ਮੰਗੇ ਅਤੇ ਇਸ ਗੱਲ ਤੋਂ ਸੰਤੁਸ਼ਟ ਹੋਵੇ ਕਿ ਉਹ ਘਟੋ ਘੱਟ 19 ਸਾਲ ਦਾ ਹੈ।

## ਮੇਰਾ ਸਟੋਰ ਮੇਰੇ ਗਾਹਕਾਂ ਲਈ ਸਿਗਾਰ ਲੌਂਜ ਹੈ। ਕੀ ਮੇਰੇ ਗਾਹਕਾਂ ਨੂੰ ਅਜੇ ਵੀ ਮੇਰੇ ਸਟੋਰ ਵਿੱਚ ਸਿਗਾਰ ਪੀਣ ਦੀ ਆਗਿਆ ਹੈ?

ਕਿਉਂਕਿ ਤੰਬਾਕੂ ਡੀਲਰ ਦੀ ਇਮਾਰਤ ਧੂੰਆਂ ਮੁਕਤ ਓਨਟੈਰੀਓ ਕਾਨੂੰਨ ਅਧੀਨ “ਬੰਦ ਜਨਤਕ ਜਗ੍ਹਾ” ਮੰਨੀ ਜਾਂਦੀ ਹੈ, ਧੂਮਰਪਾਣ ’ਤੇ ਪਾਬੰਦੀ ਹੈ।

## ਸਿਗਰੇਟਾਂ ਅਤੇ ਹੋਰ ਤੰਬਾਕੂ ਉਤਪਾਦਨਾਂ ਦੇ ਪ੍ਰੋਤਸਾਹਣ ’ਤੇ ਰੋਕਾਂ

ਕਿਸੇ ਵੀ ਤਰ੍ਹਾਂ ਦੀ ਪ੍ਰੋਤਸਾਹਣ ਸਾੱਮਗਰੀ ਜੋ ਤੰਬਾਕੂ ਉਤਪਾਦਨ ਦੇ ਕਿਸੇ ਵਿਸ਼ੇਸ਼ ਬ੍ਰਾਂਡ ਨੂੰ ਦਰਸ਼ਾਂਦੀ ਹੋਵੇ ’ਤੇ ਪਾਬੰਦੀ ਹੈ। ਪਾਬੰਦੀਸ਼ੁਦਾ ਕੁੱਝ ਪ੍ਰਦਰਸ਼ਨਾਂ ਦੇ ਉਦਾਹਰਨ ਹਨ :

- ਕਿਸੇ ਵਿਸ਼ੇਸ਼ ਬ੍ਰਾਂਡ ਨਾਲ ਜੁੜੇ ਸਜਾਵਟੀ ਪੈਨਲ ਅਤੇ ਬੈਕ ਡਰਾਪ (ਆਮ ਤੌਰ ਤੇ “ਪਾਵਰ ਵਾਲ” ਕਹੇ ਜਾਂਦੇ ਹਨ)
- ਪਿੱਛੇ ਰੋਸ਼ਨੀ ਵਾਲੇ ਜਾਂ ਜਗਦੇ ਪੈਨਲ
- ਵਿਸਤਾਰ ਲਈ ਰੋਸ਼ਨੀ
- ਤਿੰਨ ਆਯਾਮੀ ਪ੍ਰਦਰਸ਼ਨ

ਤੰਬਾਕੂ ਉਤਪਾਦਨਾਂ ਦੀ ਵੇਚ ਸੰਬੰਧੀ ਨਿਸ਼ਾਨ ਕੇਵਲ ਗਾਹਕਾਂ ਨੂੰ ਇਹ ਜਾਣਕਾਰੀ ਦੇਣ ਲਈ ਕਿ ਦੁਕਾਨਦਾਰ ਤੰਬਾਕੂ ਉਤਪਾਦਨ ਵੇਚਦਾ ਹੈ ਅਤੇ ਉਨ੍ਹਾਂ ਦੀ ਕੀਮਤ ਬਾਰੇ ਨਿਸ਼ਾਨ ਲਗਾਉਣ ਦੀ ਆਗਿਆ ਹੈ। ਅੱਗੇ :

- ਨਿਸ਼ਾਨ ਦਾ ਆਕਾਰ 968 ਵਰਗ ਸੈਂਟੀਮੀਟਰ ਤੋਂ ਵੱਧ ਨਹੀਂ ਹੋਣਾ ਚਾਹੀਦਾ।
- ਵੇਚ ਸੰਬੰਧੀ ਨਿਸ਼ਾਨ ਕਾਲੇ ਰੰਗ ਦੇ ਪਾਠ ਵਿੱਚ ਅਤੇ ਚਿੱਟੀ ਪਿਛੋਕੜ ਵਾਲੇ ਹੋਣੇ ਚਾਹੀਦੇ ਹਨ।
- ਨਿਸ਼ਾਨ ਦਾ ਪਾਠ ਦੁਕਾਨ ਦੇ ਬਾਹਰ ਦਿਖਾਈ ਨਹੀਂ ਦੇਣਾ ਚਾਹੀਦਾ।
- ਇੱਕ ਦੁਕਾਨਦਾਰ ਵੱਧ ਤੋਂ ਵੱਧ ਤੰਬਾਕੂ ਉਤਪਾਦਨਾਂ ਅਤੇ/ਜਾਂ ਤੰਬਾਕੂ ਉਤਪਾਦਨਾਂ ਦੇ ਸਾਜੋ ਸਾਮਾਨ ਸੰਬੰਧੀ ਤਿੰਨ ਨਿਸ਼ਾਨ ਲਗਾ ਸਕਦਾ ਹੈ
- ਨਿਸ਼ਾਨਾਂ ਵਿੱਚ ਕਿਸੇ ਤੰਬਾਕੂ ਅਤੇ ਤੰਬਾਕੂ ਸੰਬੰਧੀ ਉਤਪਾਦ ਦੇ ਬ੍ਰਾਂਡ ਦੀ ਪਹਿਚਾਣ ਨਹੀਂ ਹੋਣੀ ਚਾਹੀਦੀ।

*ਜ਼ਰੂਰੀ ਨਿਸ਼ਾਨ*
ਸਾਰੇ ਪਰਚੂਨ ਵਿਕ੍ਰੇਤਾਵਾਂ ਨੂੰ ਚਾਹੀਦਾ ਹੈ ਕਿ ਧੂਮਰਪਾਣ ਮਨਾਂ ਹੈ ਨਿਸ਼ਾਨ ਸਾਰੇ ਪ੍ਰਵੇਸ਼ ਅਤੇ ਨਿਕਾਸ ਦਰਵਾਜ਼ਿਆਂ, ਗੁਸਲਖ਼ਾਨਿਆਂ ਅਤੇ ਹੋਰ ਸਹੀ ਜਗ੍ਹਾਂ ਉੱਤੇ ਲਗਾਏ ਜਾਣ ਤਾਕਿ ਇਸ ਗੱਲ ਨੂੰ ਯਕੀਨੀ ਬਨਾਇਆ ਜਾਵੇ ਕਿ ਸਭ ਨੂੰ ਪਤਾ ਹੈ ਕਿ ਸਿਗਰੇਟ ਪੀਣ ਦੀ ਮਨਾਹੀ ਹੈ। ਇਸ ਤੋਂ ਬਿਨਾਂ, ਤੰਬਾਕੂ ਉਤਪਾਦਨ ਦੇ ਪਰਚੂਣ ਦੁਕਾਨਦਾਰਾਂ ਨੂੰ ਚਾਹੀਦਾ ਹੈ ਕਿ ਉਹ ਵੇਚ ਕੇਂਦਰ ’ਤੇ ਐਸੀ ਜਗ੍ਹਾ ਤੇ ਜਿੱਥੇ ਖਰੀਦਦਾਰ ਨੂੰ ਸਪਸ਼ਟ ਦਿਖਾਈ ਦੇਵੇ ਇਹ ਲਗਵਾਉਣ :

- ਇੱਕ *ਉਮਰ ਪਾਬੰਦੀ ਅਤੇ ਸਿਹਤ ਚੇਤਾਵਨੀ* ਨਿਸ਼ਾਨ।
- ਇੱਕ *ਸਰਕਾਰੀ ਪਹਿਚਾਨ ਦਾ* ਨਿਸ਼ਾਨ।

ਨਿਸ਼ਾਨ ਲੈਣ ਲਈ ਜਾਣਕਾਰੀ ਲਈ ਕਿਰਪਾ ਕਰਕੇ ਸਥਾਨਕ ਜਨਤਕ ਸਿਹਤ ਇਕਾਈ ਨਾਲ ਸੰਪਰਕ ਕਰੋ।

## ਪਾਲਣਾ

ਸਥਾਨਕ ਜਨਤੱਕ ਸਿਹਤ ਇਕਾਈਆਂ ਕਾਨੂੰਨ ਦੀ ਪਾਲਣਾ ਕਰਵਾਉਣ ਲਈ ਤੰਬਾਕੂ ਡੀਲਰ ਦੀਆਂ ਪਰਚੂਨ ਦੁਕਾਨਾਂ ਵਿੱਚ ਜਾ ਕੇ ਵੇਖਣਗੀਆਂ ਅਤੇ ਸ਼ਿਕਾਇਤਾਂ ਦੀ ਪੁੱਛ ਪੜਤਾਲ ਕਰਣਗੀਆਂ।

## ਸਜ਼ਾਵਾਂ

ਕਿਸੇ ਵਿਅਕਤੀ ਨੂੰ ਪਹਿਲੀ ਵਾਰੀ ਗੁਨਾਹ ਕਰਨ ’ਤੇ ਵੱਧ ਤੋਂ ਵੱਧ $4,000 ਦਾ ਅਤੇ ਤੀਜੀ ਜਾਂ ਇਸ ਤੋਂ ਜ਼ਿਆਦਾ ਵਾਰੀ ਗੁਨਾਹ ਕਰਨ ’ਤੇ $100,000 ਦਾ ਜੁਰਮਾਨਾ ਹੋ ਸਕਦਾ ਹੈ। ਕਿਸੇ ਸੰਸਥਾ ਨੂੰ ਪਹਿਲੀ ਵਾਰੀ ਗੁਨਾਹ ਕਰਨ ’ਤੇ ਵੱਧ ਤੋਂ ਵੱਧ $10,000 ਦਾ ਅਤੇ ਤੀਜੀ ਜਾਂ ਇਸ ਤੋਂ ਜ਼ਿਆਦਾ ਵਾਰੀ ਗੁਨਾਹ ਕਰਨ ’ਤੇ $150,000 ਦਾ ਜੁਰਮਾਨਾ ਹੋ ਸਕਦਾ ਹੈ।

ਇਹ ਤੱਥ ਸ਼ੀਟ ਕੇਵਲ ਜਲਦੀ ਦੇਖਣ ਦੇ ਕੰਮ ਆਉਣ ਲਈ ਹੈ। ਜ਼ਿਆਦਾ ਜਾਣਕਾਰੀ ਲਈ, ਕਿਰਪਾ ਕਰਕੇ ਆਪਣੀ ਸਥਾਨਕ ਜਨਤੱਕ ਸਿਹਤ ਇਕਾਈ ਨਾਲ ਸੰਪਰਕ ਕਰੋ।

ਤੁਸੀਂ ਮੁਫ਼ਤ ਫ਼ੋਨ ਕਰਕੇ ਵੀ ਜਾਣਕਾਰੀ ਪ੍ਰਾਪਤ ਕਰ ਸਕਦੇ ਹੋ :

- **ਇੰਫ਼ੋਲਾਈਨ** 1-866-396-1760
- **ਉੱਚਾ ਸੁਣਨ ਵਾਲਿਆਂ ਲਈ** 1-800-387-5559

ਕੰਮ ਦਾ ਸਮਾਂ : ਸੋਮਵਾਰ ਤੋਂ ਸ਼ੁੱਕਰਵਾਰ, 8:30 ਵਜੇ ਸਵੇਰ ਤੋਂ 5:00 ਵਜੇ ਸ਼ਾਮ

ਧੂੰਆਂ ਰਹਿਤ ਓਨਟੈਰੀਓ ਕਾਨੂੰਨ ਦੀ ਹੋਰ ਜਾਣਕਾਰੀ ਲਈ, ਕਿਰਪਾ ਕਰਕੇ ਓਨਟੈਰੀਓ ਸਿਹਤ ਉੱਨਤੀ ਮੰਤਰਾਲੇ ਦੀ ਵੈਬਸਾਈਟ ਤੇ ਜਾਉ : http://www.mhp.gov.on.ca/english/health/smoke_free/legislation.asp.

ਮਈ 2006



Ontario